بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 01.09.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਰੱਬ ਦੀ ਅਪਾਰ ਮਿਹਰ ਨਾਲ ਜਲਸਾ ਬਹੁਤਿਆਂ ਦੀਆਂ ਹਿਕਾਂ ਨੂੰ ਖੋਲਦਾ ਹੈ,**
**ਬਹੁਤਿਆਂ ਦੀਆਂ ਸ਼ੰਕਾਵਾਂ ਤੇ ਭਰਮਾ ਨੂੰ ਦੂਰ ਕਰਦਾ ਹੈ, ਇਸਲਾਮ ਦਾ ਵਾਸਤਵਿਕ ਸਵਰੂਪ ਸਾਹਮਣੇ ਆਉਂਦਾ ਹੈ**
**ਰੱਬ ਇਹਨਾਂ ਬਰਕਤਾਂ ਨੂੰ ਹਮੇਸ਼ਾ ਫੈਲਾਉਂਦਾ ਚਲਾ ਜਾਵੇ**
**ਜਰਮਨੀ ਵਿੱਚ ਆਯੋਜਤ ਸਾਲਾਨਾ ਜਲਸੇ 10 ਅਗਸਤ 2017 ਦੀਆਂ ਇਮਾਨ ਵਧਾਊ ਅਧਿਆਤਮਕਤਾ ਗੱਲਾਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 01 ਸਤੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਰੱਬ ਨੇ ਆਪਣੀ ਮਿਹਰ ਨਾਲ ਐਮ.ਟੀ.ਏ. ਰਾਹੀਂ ਵਿਸ਼ਵ ਵਿਆਪੀ ਅਹਮਦੀਆ ਮੁਸਲਿਮ ਜਮਾਤ ਨੂੰ ਇਸ ਪ੍ਰਕਾਰ ਇਕਤੱਰ ਤੇ ਸੁਰਨਾਬੱਧ ਕਰ ਵਿਤੱਾ ਕਿ ਹੁਣ ਸਮੇਂ ਦੇ ਖ਼ਲੀਫ਼ਾ ਸਾਹਬ ਦੇ ਦੌਰਿਆਂ ਅਤੇ ਜਮਾਤੀ ਪ੍ਰੋਗਰਾਮਾ ਅਤੇ ਖ਼ਬਰਾਂ ਨੂੰ ਸੁਣਨ ਲਈ ਲੰਮੀ ਉਡੀਕ ਅਤੇ ਜਮਾਤੀ ਰਸਾਲਿਆਂ ਤੇ ਅਖ਼ਬਾਰਾਂ ਦੀ ਉਡੀਕ ਨਹੀਂ ਕਰਨੀ ਪੈਂਦੀ, ਸਗੋਂ ਨਾਲ ਦੇ ਨਾਲ ਹਰ ਖ਼ਬਰ ਪਹੁੰਚ ਰਹੀ ਹੁੰਦੀ ਹੈ ।

ਹਾਂ, ਜਿਵੇਂ ਕਿ ਸਾਰੇ ਹੀ ਜਾਣਦੇ ਹਨ ਕਿ ਬੀਤੇ ਦਿਨੀ ਜਰਮਨੀ ਦਾ ਸਾਲਾਨਾ ਜਲਸਾ ਹੋਇਆ । ਇਸ ਬਾਰੇ ਵੀ ਮੈਨੂੰ ਬਹੁਤ ਸਾਰੇ ਲੋਕਾ ਨੇ ਲਿਖਿਆ ਅਤੇ ਜਿੱਥੇ ਵੀ ਮੈਂ ਜਾਵਾਂ ਉਧੱਰ ਬਾਰੇ ਵਿਸ਼ੇਸ਼ ਪਰਾਮਰਸ਼ ਹੁੰਦਾ ਹੈ ਲੋਕਾਂ ਦਾ । ਵੱਖ ਵੱਖ ਪ੍ਰਕਾਰ ਦੀਆਂ ਭਾਵਨਾਵਾਂ ਹੁੰਦੀਆਂ ਹਨ ਅਤੇ ਮਨੁੱਖ ਰੱਬ ਦਾ ਸ਼ੁਕਰਾਨਾ ਅਦਾ ਕਰਦਾ ਹੈ ਅਤੇ ਉਸਤਤੀ ਕਰਦਾ ਕਿ ਰੱਬ ਨੇ ਇਹ ਨੇਮਤ ਪ੍ਰਦਾਨ ਕਰਕੇ ਕਿਵੇਂ ਕਿਵੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਨੂੰ ਇਕ ਰੱਬ ਦਾ ਉਪਾਸਕ ਬਣਾ ਦਿਤੱਾ ਹੈ ਅਤੇ ਇਕ ਲੜੀ ਵਿੱਚ ਪਰੋਏ ਜਾਣ ਦੇ ਪ੍ਰਦਰਸ਼ਨੀ ਦ੍ਰਿਸ ਦਾ ਸੁੰਦਰ ਸਾਧਨ

ਉਪਲਭਦ ਕਰ ਦਿਤੱਾ ਹੈ । ਸੋ, ਇਸ ਲਈ ਜਿੱਥੇ ਸਾਨੂੰ ਰੱਬ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਓੱਥੇ ਐਮ.ਟੀ.ਏ. ਦੇ ਕਾਰਕੁਨਾ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ । ਰੱਬ ਇਹਨਾਂ ਸਾਰਿਆਂ ਕਾਰਕੁਨਾ ਨੂੰ ਚੰਗਾ ਪ੍ਰਤੀਫ਼ਲ ਪ੍ਰਦਾਨ ਕਰੇ ।

ਫ਼ਰਮਾਇਆ : ਇਸੇ ਪ੍ਰਕਾਰ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਕਾਰਕੁਨ ਹਨ ਜੋ ਜਲਸੇ'ਤੇ ਸਵੈ ਸੇਵਕਾਂ ਦੇ ਰੂਪ ਵਿੱਚ ਨਿ:ਸੁਆਰਥ ਸੇਵਾ ਕਰ ਰਹੇ ਹੁੰਦੇ ਹਨ ਅਤੇ ਮਹਿਮਾਨਾਂ ਦੀ ਸੇਵਾ ਵਿੱਚ ਦਿਨ ਰਾਤ ਇਕ ਕੀਤਾ ਹੁੰਦਾ ਹੈ । ਇਹ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਹੁਣ ਹੋ ਗਏ ਹਨ, ਜਿੰਨ੍ਹਾ ਵਿੱਚ ਪੁਰੁਸ਼ ਵੀ ਹਨ ਅਤੇ ਇਸਤਰੀਆਂ ਵੀ ਹਨ, ਨੌਜੁਆਨ ਮੁੰਡੇ ਕੁੜੀਆਂ ਵੀ ਹਨ ਅਤੇ ਬੱਚੇ ਤੇ ਬੱਚੀਆਂ ਵੀ ਹਨ । ਇਹ ਅਜਿਹੀ ਰੂਹ (ਆਤਮਾ) ਨਾਲ ਕੰਮ ਕਰ ਰਹੇ ਹੁੰਦੇ ਹਨ ਜੋ ਕੇਵਲ ਇਸ ਜੁੱਗ ਵਿੱਚ ਜਮਾਤ ਅਹਮਦੀਆ ਵਿੱਚ ਦਿਖਾਈ ਦਿੰਦਾ ਹੈ । ਸੋ, ਸ਼ਾਮਲ ਹੋਣ ਵਾਲਿਆਂ ਨੂੰ ਇਹਨਾਂ ਸਵੈ ਸੇਵਕਾਂ ਦਾ ਵੀ ਧੰਨਵਾਦ ਕਦਨਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸੇ ਪ੍ਰਕਾਰ ਸ਼ਾਮਲ ਹੋਣ ਵਾਲੇ ਵੀ ਮਹਿਮਾਨਾ ਉਪੱਰ ਇਕ ਚੰਗਾ ਪ੍ਰਭਾਵ ਛੱਡ ਰਹੇ ਹੁੰਦੇ ਹਨ, ਜਿਸ ਦਾ ਪ੍ਰਗਟਾਵਾ ਮਹਿਮਾਨ ਬਾਦ ਵਿੱਚ ਕਰਦੇ ਹਨ । ਇਸ ਸਮੇਂ ਮੈਂ ਇਸ ਹਵਾਲੇ ਨਾਲ ਵੱਖ ਵੱਖ ਦੇਸ਼ਾਂ ਤੋਂ ਆਏ ਹੋਏ ਮਹਿਮਾਨਾ ਦੇ ਵਿਚਾਰ ਪੇਸ਼ ਕਰਾਂਗਾ ਤਾਂ ਜੋ ਜਲਸੇ ਦੀਆਂ ਬਰਕਤਾਂ ਦਾ ਇਹ ਹਿਸੱਾ ਸਾਡੇ ਸਾਹਮਣੇ ਆ ਜਾਵੇ ਅਤੇ ਰੱਬ ਦੇ ਸ਼ੁਕਰਾਨੇ ਦਾ ਹੋਰ ਮੌਕਾ ਮਿਲੇ ਅਤੇ ਆਪਣੀਆਂ ਹਾਲਤਾਂ ਨੂੰ ਹੋਰ ਵਧੇਰੇ ਚੰਗਾ ਬਨਾਉਣ ਵੱਲ ਸਾਡਾ ਧਿਆਨ ਹੋਵੇ ।

ਇਕ ਅਰਬੀ ਨਸਲ ਦੇ ਮੁਸਲਮਾਨ ਖ਼ਾਲਿਦ ਮਿਯਾਦ ਸਾਹਬ ਜੋ ਰੈਡਕ੍ਰਾਸ ਸੋਸਾਈਟੀ ਨਾਲ ਕੰਮ ਕਰਦੇ ਹਨ ਉਹ ਇਸ ਸਾਲ ਜਰਮਨੀ ਦੇ ਜਲਸੇ ਵਿੱਚ ਸ਼ਾਮਲ ਹੋਏ । ਉਹ ਆਪਣੇ ਵਿਚਾਰ ਵਰਨਣ ਕਰਦਿਆਂ ਹੋਇਆਂ ਕਹਿੰਦੇ ਹਨ ਕਿ ਮੈਂ ਜੱਦ ਆਪਣੇ ਗ਼ੈਰ ਮੁਸਲਿਮ ਮਿਤੱਰਾਂ ਨੂੰ ਇਸਲਾਮ ਉਪੱਰ ਇਤਰਾਜ਼ ਕਰਦਿਆਂ ਸੁਣਦਾ ਸੀ ਤਾਂ ਮੁਸਲਮਾਨਾਂ ਦੀ ਆਪਸੀ ਨਫ਼ਰਤਾਂ ਤੇ ਝਗੜਿਆਂ ਦੇ ਸਬਬ ਮੈਂ ਇਸਲਾਮ ਦੀ ਪ੍ਰਤੀਰੱਖਿਆ ਨਹੀ ਕਰ ਸਕਦਾ ਸੀ, ਅੱਜ ਇਸ ਜਲਸੇ ਵਿੱਚ ਆਪ ਦੀ ਜਮਾਤ ਦੇ ਸਾਮੂਹਿਕ ਤੇ ਵਿਅਕਤੀਗੱਤ ਅਮਨ ਅਤੇ ਪ੍ਰੇਮ ਅਤੇ ਮਿਲਵਰਤਨ ਨੂੰ ਦੇਖਕੇ ਆਪ ਲੋਕਾਂ ਵਿੱਚ ਖ਼ਲੀਫ਼ਾ ਲਈ ਪ੍ਰੇਮ ਤੇ ਅਗਿਆਕਾਰੀ ਦਾ ਅਵਲੋਕਣ ਕਰਕੇ ਮੇਰਾ ਸਿਰ ਫ਼ਖ਼ਰ ਨਾਲ ਉਚੱਾ ਹੋ ਗਿਆ ਹੈ ਕਿ ਮੈਂ ਇਕ ਅਜਿਹੀ ਜਮਾਤ ਨੂੰ ਆਪਣੀਆਂ ਅਖੱਾਂ ਨਾਲ ਦੇਖ ਲਿਆ ਹੈ ਜਿਸ ਦੇ ਲੋਕ ਸ਼ਾਂਤ ਸੁਭਾਵੀ ਹਨ ਜਿੰਨ੍ਹਾ ਦਾ ਇਜਤਮਾ (ਸਮਾਰੋਹ) ਵਿਵਸਥਤ ਹੈ । ਕਹਿੰਦੇ  ਹਨ ਕਿ ਹੁਣ ਮੈਂ ਆਪ ਦੀ ਉਧਾਰਣ ਬਹੁਤ ਭਰੋਸੇ ਨਾਲ ਆਪਣੇ ਗ਼ੈਰ ਮੁਸਲਿਮ ਮਿਤੱਰਾਂ ਨੂੰ ਪੇਸ਼ ਕਰਕੇ ਉਹਨਾਂ ਦੇ ਇਸਲਾਮ ਉਪੱਰ ਇਤਰਾਜ਼ਾਂ ਦੀ ਪ੍ਰਤੀ ਰੱਖਿਆ ਕਰ ਸਕਦਾ ਹਾਂ ।

ਇਕ ਜਰਮਨ ਮਿੱਤਰ ਮਸ਼ਾਇਲ ਫ਼ੀਚਰ ਸਾਹਬ ਜਲਸੇ ਵਿੱਚ ਸ਼ਾਮਲ ਹੋਏ ਕਹਿੰਦੇ  ਹਨ ਕਿ ਮੈਂ ਇਸ ਜਲਸੇ ਵਿੱਚ ਸ਼ਾਮ ਹੋਣ ਤੋਂ ਪਹਿਲਾਂ ਅਖ਼ਬਾਰਾਂ ਵਿੱਚ ਪੜ੍ਹਦਾ ਰਹਿੰਦਾ ਸੀ ਕਿ ਅਹਮਦੀ ਅਮਨ ਪਸੰਦ ਲੋਕ ਹਨ, ਪਰ ਮੇਰੇ ਮਨ ਵਿੱਚ ਆਉਂਦਾ ਸੀ ਕਿ ਅਮਨ ਦਾ ਦਾਵਾ ਤਾਂ ਹੋਰ ਵੀ ਬਹੁਤ ਲੋਕ ਕਰਦੇ ਹਨ । ਹੁਣ ਏਥੇ ਆਣਕੇ ਮੈਂ ਆਪਣੀਆਂ ਅਖੱਾਂ ਨਾਲ ਦੇਖ ਲਿਆ ਹੈ । ਐਨ੍ਹਾ ਵੱਡਾ ਸਮਾਰੋਹ ਅਤੇ  ਐਨ੍ਹਾ ਸ਼ਾਂਤੀ ਭਰਪੂਰ ਹੈ ਕਿ ਦੇਖ ਕੇ ਹੈਰਾਨੀ ਹੁੰਦੀ ਹੈ, ਵਰਨਾ ਕਿਤੇ ਪੰਜ ਸੌ ਲੋਕ ਵੀ ਇਕਤੱਰ ਹੋਣ ਤਾਂ ਲੜਾਈ ਹੋ ਜਾਂਦੀ ਹੈ । ਕਹਿੰਦੇ ਹਨ ਮੈਂ ਜਲਸੇ ਵਿੱਚ ਸ਼ਾਮਲ ਹੋਕੇ ਅਤੇ ਆਪਦੇ ਸ਼ਾਂਤੀ ਭਰਪੂਰ ਵਾਤਾਵਰਣ ਨੂੰ ਦੇਖਕੇ ਅਮਨ ਦੇ ਦਾਵੇ ਦੀ ਪ੍ਰਮਾਣਿਕਤਾ ਕਰਦਾ ਹਾਂ ।

ਇਕ ਇਸਤਰੀ ਮਾਰੀਯਾ ਜੋਜ਼ੇ ਸਾਹਿਬਾ ਜਿੰਨ੍ਹਾ ਦਾ ਦਖੱਣੀ ਅਮੇਰਿਕਾ ਨਾਲ ਸੰਬੰਧ ਹੈ ਕਹਿੰਦੀ ਹਨ : ਏਥੇ ਆਣਕੇ ਮੈਂ ਬਹੁਤ ਹੈਰਾਨ ਹੋਈ ਕਿ ਐਨ੍ਹੀਆਂ ਜਾਤੀਆਂ, ਨਸਲਾ ਅਤੇ ਰੂਪ ਰੰਗਾਂ ਦੇ ਲੋਕ ਅਜਿਹੀ ਏਕਤਾ ਨਾਲ ਰਹਿ ਰਹੇ ਹਨ ਅਤੇ ਹਰ ਪਾਸੇ ਸ਼ਾਂਤੀ ਦਾ ਵਾਤਾਵਰਣ ਹੈ । ਸਾਰੇ ਲੋਕ ਸ਼ਾਂਤ ਹਨ ਕਿਸੇ ਨੂੰ ਵੀ ਕੋਈ ਡਰ ਖ਼ੌਫ਼ ਨਹੀਂ, ਮੇਰੇ ਲਈ ਅਜਿਹੇ ਸਾਂਤੀ ਭਰਪੂਰ ਸਮਾਰੋਹ ਵਿੱਚ ਭਾਗ ਲੈਂਣਾ ਇਕ ਨਵਾਂ ਤਜਰਬਾ ਸੀ ਅਤੇ ਮੇਰੀ ਇਛੱਾ ਹੈ ਕਿ ਮੈਂ ਬਰਲਿਨ ਵਾਪਸ ਜਾਕੇ ਜਮਾਤ ਅਹਮਦੀਆ ਦੀ ਮਸਜਿਦ ਨਾਲ ਰਾਬਤਾ ਕਰਾਂ ਅਤੇ ਇਸ ਜਮਾਤ ਨਾਲ ਹੋਰ ਸੰਬੰਧ ਮਜ਼ਬੂਤ ਕਰਾਂ । ਮੈਂਨੂੰ ਆਪ ਲੋਕਾਂ ਵਿੱਚ ਸ਼ਾਮਲ ਹੋਕੇ ਇਕ ਹਾਰਦਕ ਸਾਂਤੀ ਪ੍ਰਾਪਤ ਹੋਈ ਹੈ ।

ਮੈਸੀਡੋਨੀਆ ਦੀ ਇਕ ਸੋਸ਼ਲ ਵੈਲਫ਼ੇਅਰ ਸੋਸਾਈਟੀ ਵਿੱਚ ਕੰਮ ਕਰਨ ਵਾਲੀ ਤਿੰਨ ਇਸਤਰੀਆਂ ਆਈਆਂ ਹੋਈਆਂ ਸਨ । ਇਕ ਕਹਿੰਦੀ ਹਨ ਕਿ ਆਸੀਂ ਆਪ ਦੇ ਲੋਕਾਂ ਅਤੇ ਆਪਦੀ ਦੀਆਂ ਸਿੱਖਿਆਵਾਂ ਅਤੇ ਆਪ ਦੀ ਲੀਡਰਸ਼ਿਪ ਨੂੰ ਦੇਖਿਆ ਹੈ ਅਤੇ ਅਸੀਂ ਇਸ ਅਨੁਭਵ ਨਾਲ ਵਾਪਸ ਜਾਵਾਂਗੀ ਕਿ ਓਥੇ ਮੁਸਮਲਮਾਨਾ ਨੂੰ ਆਪਦੀ ਜਮਾਤ ਦਾ ਪਰੀਚੇ ਕਰਵਾ ਸਕਣ । ਇਹ ਜਮਾਤ ਅਤੇ ਇਸਦੇ ਜਲਸੇ ਹੋਰਨਾ ਮੁਸਲਮਾਨਾ ਲਈ ਇਕ ਨਮੂਨਾ ਹਨ ਅਤੇ ਅਜਿਹੀ ਸ਼ਾਂਤੀ ਭਰਪੂਰ ਸਿੱਖਿਆ ਅਤੇ ਅਜਿਹੀ ਵਿਵਸਥਤ ਜਮਾਤ ਇਸ ਯੋਗ ਹੈ ਕਿ ਅੰਤਰ ਰਾਸ਼ਟਰੀ ਪਧੱਰ'ਤੇ ਮੁਸਲਮਾਨਾਂ ਦੀ ਨੁਮਾਇੰਦਗੀ ਕਰੇ ।

ਲਿਟੋਵੀਯਾ ਤੋਂ ਆਈ ਹੋ ਇਕ ਜਰਨਲਿਸਟ (ਪਤੱਰ ਪ੍ਰੇਰਕ) ਇਸਤਰੀ ਆਗਸਟਨ ਸਾਹਿਬਾ ਨੇ ਲਿੱਖਿਆ ਕਿ ਮੈਂ ਪਿਛੱਲੇ ਛੇ ਮਹੀਨਿਆਂ ਤੋਂ ਇਸਲਾਮ ਦੇ ਵੱਖ ਵੱਖ ਫ਼ਿਰਕਿਆਂ ਉਪੱਰ ਇਕ ਪ੍ਰਾਜੈਕਟ ਉਪੱਰ ਕੰਮ ਕਰ ਰਹੀ ਹਾਂ । ਇਸ ਸੰਬੰਧ ਵਿੱਚ ਮੈਂ ਇਸਤੰਬੋਲ ਵੀ ਗਈ ਅਤੇ ਓਥੇ ਵੱਖ ਵੱਖ ਇਸਲਾਮੀ ਫ਼ਿਰਕਿਆਂ ਨੂੰ ਮਿਲੀ ਹਾਂ ਪਰ ਏਥੇ ਇਮਾਮ ਜਮਾਤ ਅਹਮਦੀਆ ਨੂੰ ਦੇਖਕੇ ਮੇਰੇ ਮਨ ਦੀ ਜੋ ਅਵਸਥਾ ਹੈ ਉਸ ਨੂੰ ਵਰਨਣ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਹਨ।

ਲਿਟੋਵੀਯਾ ਤੋਂ ਕਰਤਬਾ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਲੋਲੀ ਡਯਾਸ ਸਾਹਿਬਾ ਨੇ ਜਲਸੇ ਵਿੱਚ ਸਾਮਲ ਹੋਕੇ ਆਪਣੇ ਵਿਚਾਰ ਵਰਨਰ ਕਰਦਿਆਂ ਹੋਇਆਂ ਲਿੱਖਿਆ ਕਿ ਮੈਂ ਜੀਵਨ ਵਿੱਚ ਪਹਿਲੀ ਵਾਰ ਮੁਸਲਮਾਨਾ ਦੇ ਐਨ੍ਹੇ ਵੱਡੇ ਜਲਸੇ ਵਿੱਚ ਸ਼ਾਮਲ ਹੋਈ ਹਾਂ । ਮੈਂ ਜਮਾਤ ਅਹਮਦੀਆ ਦੇ ਇਮਾਮ ਸਾਹਬ ਨੂੰ ਪਹਿਲੀ ਵਾਰ ਐਨ੍ਹੇ ਨੇੜਿਓਂ ਦੇਖਿਆ ਤਾਂ ਮੇਰੇ ਲਈ ਇਕ ਬਹੁਤ ਅਜੀਬ ਤਜਰਬਾ ਸੀ, ਇਸ ਦੀ ਅਵਸਥਾ ਮੈਂਨੂੰ ਜੀਵਨ ਭਰ ਚੇਤੇ ਰਹੇਗੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਾਲ ਬੋਸੀਨੀਆ ਤੋਂ ਛਿਆਲੀ (46) ਲੋਕਾਂ ਦਾ ਜਥੱਾ ਸ਼ਾਮਲ ਹੋਇਆ । ਇਹਨਾਂ ਵਿੱਚ ਅਠਾਰ੍ਹਾਂ (18) ਅਹਮਦੀ ਸਨ ਅਤੇ ਬਾਕੀ 28 ਲੋਕ ਪ੍ਰਚਾਰ ਹੇਠ ਸਨ । ਇਕ ਮਹਿਮਾਨ ਯਾਸਮੀਨ ਸਾਹਿਬਾ ਕਹਿੰਦੀ ਹਨ ਕਿ ਜਲਸੇ ਦੀ ਐਨ੍ਹੀ ਵੱਡੀ ਵਿਵਸਥਾ ਨੂੰ ਦੇਖਕੇ ਮੈਂਨੂੰ ਹੈਰਾਨੀ ਹੋਈ ਕਿ ਇਹ ਕਿਸ ਪ੍ਰਕਾਰ ਦੇ ਲੋਕ ਹਨ । ਜਲਸੇ ਦੀ ਸਾਰੀ ਵਿਵਸਥਾ ਵਿੱਚ ਮੈਂਨੂੰ ਕਿਤੇ ਵੀ ਕੋਈ ਨੁਕਸ ਦਿਖਾਈ ਨਹੀਂ ਦਿਤੱਾ ।

ਇਕ ਮਹਿਮਾਨ ਨਜਾਤ ਸਾਹਬ ਬੋਸੀਨੀਆ ਦੀ ਰੋਮਨ ਕਮਿਊਨਿਟੀ ਦੇ ਪ੍ਰਸਿਧ ਰਾਜਨੇਤਾ ਹਨ ਵਿਦਵਾਨ ਦੇ ਰੂਪ ਵਿੱਚ ਜਾਣੇ ਜਾਂਦੇ ਹਨ ਅਤੇ ਸ਼ਹਿਰ ਟੂਤਲਾ ਦੇ ਕੌਂਸਲਰ ਵੀ ਹਨ, ਕਹਿੰਦੇ ਹਨ ਜਲਸੇ ਦੇ ਸਾਰੇ ਪ੍ਰਬੰਧ ਬਹੁਤ ਹੀ ਸੁਚਾਰੂ ਰੂਪ ਵਿੱਚ ਨੇਪਰੇ ਚਾੜ੍ਹੇ ਗਏ ਸਨ । ਮੈਂ ਇਸ ਤੋਂ ਪਹਿਲਾਂ ਕਦੇ ਵੀ ਇਸ ਪ੍ਰਕਾਰ ਦੇ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਹੋਇਆ ਸੀ । ਇਹ ਜਲਸਾ ਮੇਰੇ ਲਈ ਵਖੱਰੀ ਪ੍ਰਕਾਰ ਦਾ ਪਾਠ ਲੈਂਣ ਵਾਲਾ ਸੀ । ਸਵੈ ਸੇਵਕਾਂ ਦੇ ਅਖ਼ਲਾਸ (ਆਚਰਣ) ਦੇਖਕੇ ਮੈਂ ਇਹੋ ਸਮਝਿਆ ਕਿ ਲੋਕ ਇਮਾਨ ਵਿੱਚ ਬਹੁਤ ਮਜ਼ਬੂਤ ਹਨ ਅਤੇ ਇਹਨਾਂ ਦੇ ਕਥਨਾ ਤੇ ਕਰਨੀ

ਵਿੱਚ ਸੁਮੇਲ ਹੀ ਇਹਨਾਂ ਦੀ ਤਰੱਕੀ ਦਾ ਭੇਦ ਹੈ ਅਤੇ ਇਹਨਾਂ ਲੋਕਾਂ ਵਿੱਚ ਇਸ ਅਵਸਥਾ ਨੂੰ ਪੈਦਾ ਕਰਨ ਕਰਕੇ ਹੀ ਇਹਨਾਂ ਦੀ ਖ਼ਿਲਾਫ਼ਤ ਨਾਲ ਸਲੰਗਣਤਾ ਹੈ ।

ਇਕ ਗ਼ੈਰ ਜਮਾਤ ਮਿਤੱਰ ਮਾਹਰ ਸਾਹਬ ਆਪਣੀ ਪਤਨੀ ਨਾਲ ਅਪਾਣੇ ਵਿਅਕਤੀਗੱਤ ਖਰਚੇ'ਤੇ ਜਲਸੇ ਵਿੱਚ ਸ਼ਾਮਲ ਹੋਏ । ਕਹਿੰਦੇ ਹਨ ਕਿ ਏਥੇ ਮਹਿਮਾਨਾ ਦਾ ਜਿਵੇਂ ਖ਼ਿਆਲ ਰੱਖਿਆ ਜਾਂਦਾ ਹੈ ਅਤੇ ਜਿਸ ਪ੍ਰੇਮ ਨਾਲ ਲੋਕ ਪੇਸ਼ ਆਉਂਦੇ ਹਨ, ਮੈਂ ਕਹਿੰਦਾ ਹਾਂ ਕਿ ਜੇਕਰ ਇਹ ਲੋਕ ਸਾਨੂੰ ਜ਼ਮੀਨ'ਤੇ ਸੋਣ ਲਈ ਆਖਣ ਅਤੇ ਖਾਣ ਲਈ ਸੁੱਕੀ ਰੋਟੀ ਹੀ ਕਿਉਂ ਨ ਦੇਣ ਸਾਨੂੰ ਇਹਨਾਂ ਤੋਂ ਕੋਈ ਸ਼ਿਕਾਇਤ ਨਹੀਂ ਹੋਵੇਗੀ ਕਿਉਂਕਿ ਜੋ ਪਿਆਰ ਤੇ ਪ੍ਰੇਮ ਏਥੋਂ ਸਾਨੂੰ ਮਿਲਿਆ ਹੈ ਇਸ ਦੀ ਦੁਨੀਆਂ ਵਿੱਚ ਕੋਈ ਉਧਾਰਨ ਨਹੀਂ ।

ਇਕ ਮਹਿਮਾਨ ਅਮੀਰ ਸਾਹਬ ਜੋ ਪਹਿਲੀ ਵਾਰ ਜਲਸੇ ਵਿੱਚ ਸ਼ਾਮਲ ਹੋਏ ਜਲਸੇ ਦੇ ਵਾਤਾਵਰਣ ਨੇ ਉਨ੍ਹਾ'ਤੇ ਬਹੁਤ ਹੀ ਧਨਾਤਮਕ ਪ੍ਰਭਾਵ ਛੱਡੇ ਹਨ ਕਹਿੰਦੇ ਹਨ ਕਿ ਮੈਂ ਆਪਣੇ ਮਨ ਦੀ ਅਵਸਥਾ ਵਰਨਣ ਨਹੀਂ ਕਰ ਸਕਦਾ । ਇਹਨਾਂ ਗਲੱਾਂ ਨੂੰ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ । ਇਸ ਲਈ ਹਰ ਇਕ ਨੂੰ ਚਾਹੀਦਾ ਹੈ ਕਿ ਇਸ ਸਵਰਗ ਰੂਪੀ ਸਮਾਜ ਵਿੱਚ ਕੁਝ ਦਿਨ ਲੰਘਾਏ ਤਾਂ ਜੋਂ ਇਸ ਦੇ ਵਾਸਤਵਿਕ ਸਵਰਗ ਬਾਰੇ ਇਕ ਵਿਸ਼ਵਾਸ ਪੈਦਾ ਹੋ ਜਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਾਲ ਬੁਲਗ਼ਾਰੀਆ ਤੋਂ 52 ਲੋਕਾਂ ਦਾ ਜਥੱਾ ਜਲਸੇ ਵਿੱਚ ਸ਼ਾਮਲ ਹੋਇਆ । ਇਸ ਵਿੱਚ 20 ਅਹਮਦੀ ਸਨ 32 ਗ਼ੈਰ ਅਹਮਦੀ ਮਹਿਮਾਨ ਸਨ, ਇਸ ਜੱਥੇ ਵਿੱਚ ਬਿਜ਼ਨਸਮੈਨ (ਵਪਾਰੀ) ਵੀ ਸਨ, ਵਕੀਲ ਵੀ ਸਨ ਅਤੇ ਲੈਕਚ੍ਰਾਰ ਵੀ ਸਨ ਵਿਦਿਆਰਥੀ ਵੀ ਸਨ ਅਤੇ ਸਾਧਾਰਣ ਜੀਵਨ ਬਤੀਤ ਕਰਨ ਵਾਲੇ ਲੋਕ ਵੀ ਸ਼ਾਮਲ ਸਨ । ਇਕ ਇਸਤਰੀ ਏਸੀ ਨੋਵਾਸ ਕਹਿੰਦੀ ਹਨ : ਮਨੁੱਖ ਆਪਣਾ ਜੀਵਨ ਬਦਲਨਾ ਚਾਹੇ ਤਾਂ ਜਲਸੇ ਵਿੱਚ ਆਏ, ਮੈਂ ਏਥੋਂ ਬਹੁਤ ਕੁਝ ਸਿੱਖਿਆ ਹੈ, ਦੋ ਚੀਜ਼ਾਂ ਦਾ ਵਰਨਣ ਅਵਸ਼ ਕਰਨਾ ਚਾਹੁੰਦੀ ਹਾਂ, ਇਕ ਤਾਂ ਏਥੇ ਰੱਬ ਨਾਲ ਪ੍ਰੇਮ ਕਰਨਾ ਸਿਖਾਇਆ ਜਾਂਦਾ ਹੈ ਦੂਜੇ ਲੋਕਾਂ ਵਿੱਚ ਇਕ ਦੂਜੇ ਨਾਲ ਪ੍ਰੇਮ ਤੇ ਸਦਭਾਵਨਾ ਸਿਖਾਈ ਜਾਂਦੀ ਹੈ । ਬੁਲਗ਼ਾਰੀਆ ਜੱਥੇ ਦੇ ਇਕ ਮਹਿਮਾਨ ਫ਼ਫ਼ਕਵਾਨਲ ਸਾਹਬ ਕਹਿੰਦੇ ਹਨ ਕਿ ਕੇਵਲ ਅਹਮਦੀ ਲੋਕ ਅਜਿਹੇ ਹਨ ਜੋ ਵਾਸਤਵ ਵਿੱਚ ਅਮਨ ਸਿਖਾਉਂਦੇ ਹਨ, ਸਨਮਾਨ ਕਰਦੇ ਹਨ ਅਤੇ ਦੁਨੀਆ ਨੂੰ ਸਵਰਗ ਬਨਾਉਣਾ ਚਾਹੁੰਦੇ ਹਨ । ਏਥੇ ਵਾਸਤਵ ਵਿੱਚ ਜੀਵਨ ਦਾ ਨੂਰ ਮਿਲਦਾ ਹੈ, ਅਜਿਹੀ ਰੋਸ਼ਨੀ ਜੋ ਇਨਸਾਨ ਨੂੰ ਜੀਵਨ ਪ੍ਰਦਾਨ ਕਰਦਾ ਹੈ ਮੈਂ ਤਾਂ ਹੁਣ ਸਾਰਾ ਜੀਵਨ ਸਾਰਿਆਂ ਲੋਕਾਂ ਨੂੰ ਦਸੱਾਂਗਾ ਕਿ ਅਸਲ ਇਸਲਾਮ ਅਹਮਦੀਅਤ ਹੈ ਜੋ ਦੁਨੀਆ ਵਿੱਚ ਅਮਨ ਦਾ ਜਤਨ ਕਰ ਰਹੇ ਹਨ ।

ਇਕ ਇਸਾਈ ਇਸਤਰੀ ਕਹਿੰਦੀ ਹਨ ਇਹ ਜਲਸਾ ਤਾਂ ਇਕ ਚਮਤਕਾਰ ਹੈ । ਕਹਿੰਦੀ ਹਨ ਕਿ ਮੈਂਨੂੰ ਜੁਮਏ ਦੇ ਖ਼ੁਤਬੇ ਨੇ ਬਹੁਤ ਪ੍ਰਭਾਵਤ ਕੀਤਾ । ਮਨੁੱਖ ਨਾਲ ਪ੍ਰੇਮ, ਪਰਦਾ ਪੋਸ਼ੀ, ਇਕ ਦੂਜੇ ਦੀ ਮਦਦ ਕਰਨਾ, ਕਿਸੇ ਦੀ ਗਲਤੀ ਦਾ ਪ੍ਰਗਟਾਵਾ ਦੂਜਿਆਂ ਸਾਹਮਣੇ ਨ ਕਰਨਾ, ਸਗੋਂ ਉਸ ਲਈ ਦੁਆ ਕਰਨਾ, ਇਹ ਸਿੱਖਿਆਵਾਂ ਜੋ ਖ਼ਲੀਫ਼ਾ ਨੇ ਵਰਨਣ ਕੀਤੀਆਂ ਹਨ, ਕਾਸ਼ ਅੱਜ ਸਾਰੀ ਦੁਨੀਆ ਆਪਦੀ ਇਸ ਆਵਾਜ਼ ਨੂੰ ਸੁਣੇ, ਜੇਕਰ ਦੁਨੀਆ ਸਿੱਧੇ ਮਾਰਗ ਉਪੱਰ ਆਉਂਣਾ ਚਾਹੁੰਦੀ ਹੈ ਤਾਂ ਉਸ ਨੂੰ ਇਹਨਾਂ ਆਵਾਜ਼ਾਂ ਨੂੰ ਸੁਣਨਾ ਹੋਵੇਗਾ ਅਤੇ ਆਪ ਦੀਆਂ ਸਿੱਖਿਆਵਾਂ ਨੂੰ ਮਨ੍ਹਣਾ ਹੋਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਮੇਸੀਡੋਨਾ ਤੋਂ 65 ਲੋਕਾਂ'ਤੇ ਅਧਾਰਤ ਜਥਾਂ ਜਲਸੇ ਵਿੱਚ ਸ਼ਾਮਲ ਹੋਇਆ । ਇਹਨਾਂ ਵਿੱਚ ਚਾਰ ਵੱਖ ਵੱਖ ਟੈਲੀਵੀਜ਼ਨਾ ਦੇ ਪੰਜ ਪਤੱਰਕਾਰ ਵੀ ਸਨ, ਤਿੰਨ ਵੱਖ ਵੱਖ ਖੇਤਰੀ ਟੈਲੀਵੀਜ਼ਨਾ ਦੇ ਪਤੱਰਕਾਰ ਸਨ । ਪਤੱਰਕਾਰਾਂ ਨੇ ਜਲਸੇ ਵਿੱਚ ਰਿਕਾਰਡਿੰਗ ਵੀ ਕੀਤੀ ਅਤੇ ਵੱਖ ਵੱਖ ਲੋਕਾਂ ਦੇ ਇੰਟਰਵੀਊ ਵੀ ਲੈਂਦੇ ਰਹੇ, ਅਤੇ 28 ਨੂੰ ਉਹਨਾਂ ਦੀ ਮੇਰੇ ਨਾਲ ਮੁਲਾਕਾਤ ਵੀ ਸੀ । ਕਹਿੰਦੇ  ਹਨ ਇਹ ਰਿਕਾਰਡਿੰਗ ਜੋ ਅਸੀਂ ਕੀਤੀ ਹੈ, ਇਸ ਦੀ ਡਾਕੂਮੈਂਟਰੀ ਦਿਖਾਉਣਗੇ । ਇਸ ਵਿੱਚ 32 ਇਸਾਈ ਮਿੱਤਰ ਸਨ, 23 ਅਹਮਦੀ ਤੇ 10 ਗ਼ੈਰ ਅਹਮਦੀ ਮਿੱਤਰ ਸਨ । ਇਹਨਾਂ ਵਿੱਚੋਂ ਇਕ ਨੇ ਅਖੀਰਲੇ ਦਿਨ ਬੈਅਤ ਵੀ ਕਰ ਲਈ ਸੀ ।

ਮੇਸੀਡੋਨਾ ਤੋਂ ਆਈ ਹੋਈ ਇਕ ਮਹਿਮਾਨ ਇਸਤਰੀ ਕਹਿੰਦੀ ਹਨ ਕਿ ਖ਼ਲੀਫ਼ਾ ਸਾਹਬ ਦੀਆਂ ਤਕਰੀਰਾਂ (ਭਾਸ਼ਣਾ) ਨੇ ਮੇਰੇ ਉਪੱਰ ਬਹੁਤ ਡੂੰਘਾ ਪ੍ਰਭਾਵ ਛੱਡਿਆ ਹੈ । ਮੈਂਨੂੰ ਇਸ ਭਾਸ਼ਣ ਤੋਂ ਪਤਾ ਲੱਗਿਆ ਹੈ ਕਿ ਇਸਲਾਮ ਦਾ ਅਸਲ ਅਰਥ ਅਮਨ ਹੈ ਨ ਕਿ ਜੁੱਧ । ਜੇਕਰ ਅਸੀਂ ਇਸ ਸਿੱਖਿਆ ਉਪੱਰ ਅਮਲ ਕਰੀਏ ਤਾਂ ਦੁਨੀਆ ਜੁੱਧ ਬਿਨਾ ਅਮਨ ਤੇ ਸ਼ਾਂਤੀ ਦਾ ਘਰ ਬਣ ਜਾਏ । ਕਹਿੰਦੀ ਹਨ ਕਿ ਜੋ ਆਪਨੇ ਇਸਤਰੀਆਂ ਦੇ ਅਧਿਕਾਰਾਂ ਉਪੱਰ ਗੱਲ ਕੀਤੀ, ਇਹ ਬਹੁਤ ਚੰਗੀ ਸਿੱਖਿਆ ਹੈ । ਕਹਿੰਦੀ ਹਨ ਕਿ ਬੈਅਤ ਨੇ ਵੀ ਮੇਰੇ ਉਪੱਰ ਬਹੁਤ ਡੂੰਘਾ ਪ੍ਰਭਾਵ ਛੱਡਿਆ ਹੈ, ਅਜਿਹਾ ਅਨੁਭਵ ਹੋ ਰਿਹਾ ਸੀ ਜਿਵੇਂ ਸਮਾਂ ਰੁੱਕ ਗਿਆ ਹੋਵੇ ।

ਮੇਸੀਡੋਨਾ ਤੋਂ ਆਉਣ ਵਾਲੀ ਇਕ ਮਹਿਮਾਨ ਇਸਤਰੀ ਕਹਿੰਦੀ ਹਨ, ਇਹ ਟੀਵੀ ਚੈਨਲ ਦੀ ਪਤੱਰਕਾਰ ਹਨ ਕਿ ਜਲਸੇ ਨੇ ਮੇਰੇ'ਤੇ ਇਸਲਾਮ ਦੇ ਨਵੇਂ ਮਾਰਗਾਂ ਵੱਲ ਮਾਰਗਦਰਸ਼ਨ ਕੀਤਾ ਹੈ । ਕਦੇ ਅਜਿਹਾ ਸਮਾਂ ਵੀ ਸੀ ਜੱਦ ਮੇਰੇ'ਤੇ ਇਸਲਾਮ ਦਾ ਸ਼ਬਦ ਵੀ ਮੈਂਨੂੰ ਹਰਾਮ ਸੀ ਹੁਣ ਮੈਂਨੂੰ ਇਸਲਾਮ ਦਾ ਨਵਾਂ ਪਰੀਚੇ ਪ੍ਰਾਪਤ ਹੋਇਆ ਹੈ । ਮੈਂ ਪਤੱਰਕਾਰ ਦੇ ਰੂਪ ਵਿੱਚ ਇਕ ਨਵਾਂ ਤਜਰਬਾ ਹਾਸਲ ਕਰਨ ਲਈ ਆਪਦੀ ਧੰਨਵਾਦੀ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਆ, ਇਹਨਾਂ ਦੀ ਮੇਰੇ ਨਾਲ ਮੁਲਾਕਾਤ ਵੀ ਸੀ । ਇਹ ਕਹਿੰਦੀ ਹਨ ਕਿ ਮੈਂ ਇਮਾਮ ਜਮਾਤ ਅਹਮਦੀਆ ਦੇ ਸਾਰੇ ਉਤੱਰਾਂ ਤੋਂ ਸਹਿਮਤ ਸੀ ਅਤੇ ਆਪ ਨੇ ਮੈਂਨੂੰ ਇਸਲਾਮ ਦੇ ਨਵਿਆਂ ਮਾਰਗਾਂ ਵੱਲ ਮਾਰਗਦਰਸ਼ਨ ਕੀਤਾ ਹੈ ਅਤੇ ਚੜ੍ਹਦੇ ਵੱਲ ਮਾਰਗਦਰਸ਼ਨ ਕੀਤਾ ਹੈ ਅਤੇ ਮੈਂ ਹੁਣ ਇਸਲਾਮ ਦੀ ਅਸਲ ਤਸਵੀਰ ਦੇਖੀ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਵੱਖ ਵੱਖ ਦੇਸ਼ਾਂ ਤੋਂ ਆਉਣ ਵਾਲੇ ਮਹਿਮਾਨਾ ਦੇ ਇਮਾਨ ਵਧਾਊ ਵਿਚਾਰ ਵਰਨਣ ਕੀਤੇ ਅਤੇ ਫ਼ਰਮਾਇਆ : ਜਰਮਨੀ ਵਿੱਚ ਬੀਤੇ ਦੋ ਤਿੰਨ ਸਾਲਾਂ ਤੋਂ ਬੈਅਤ ਦਾ ਸਮਾਰੋਹ ਵੀ ਹੋ ਰਿਹਾ ਹੈ । ਇਸ ਸਾਲ ਜਲਸੇ ਦੇ ਮੌਕੇ'ਤੇ ਗਿਆਰ੍ਹਾਂ ਦੇਸ਼ਾਂ ਨਾਲ ਸੰਬੰਧ ਰਖੱਣ ਵਾਲੇ ਤੇਤੀ (33) ਲੋਕਾਂ ਨੇ ਬੈਅਤ ਕਰਨ ਦਾ ਸੁਭਾਗ ਪ੍ਰਾਪਤ ਕੀਤਾ । ਇਹਨਾ ਵਿੱਚ ਅਲਬਾਨੀਆ, ਗੈਂਬੀਆ, ਘਾਨਾ, ਜਰਮਨੀ, ਇਰਾਕ, ਯਮਨ, ਮਰਾਕਸ਼, ਫ਼ਲਸਤੀਨ, ਸੀਰੀਆ, ਤੁਰਕੀ ਅਤੇ ਲਿਥੋਮੇਨੀਆ ਤੋਂ ਆਉਣ ਵਾਲੇ ਲੋਕ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਜਲਸੇ ਬਾਰੇ ਕੁਝ ਵਿਚਾਰ ਸਨ ਜੋ ਮੈਂ ਪੇਸ਼ ਕੀਤੇ ਹਨ । ਰੱਬ ਦੀ ਮਿਹਰ ਨਾਲ ਜਲਸਾ ਅਨੇਕਾਂ ਦੀਆਂ ਹਿਕਾਂ ਨੂੰ ਖੋਲਦਾ ਹੈ, ਬਹੁਤ ਸਾਰੇ ਸ਼ੰਕਾਵਾਂ ਤੇ ਭਰਮਾ ਨੂੰ ਦੂਰ ਕਰਦਾ ਹੈ, ਇਸਲਾਮ ਦੀ ਵਾਸਤਵਿਕ ਤਸਵੀਰ ਉਹਨਾਂ ਦੇ ਸਾਹਮਣੇ ਆਉਂਦੀ ਹੈ । ਰੱਬ ਇਹਨਾਂ ਬਰਕਤਾਂ ਨੂੰ ਹਮੇਸ਼ਾ ਫੈਲਾਉਂਦਾ ਜਾਵੇ ।

ਮੀਡੀਆ ਕਵਰੈਜ ਦੇ ਪੱਖੋਂ ਜਲਸੇ ਦੇ ਪਹਿਲੇ ਦਿਨ ਜੁਮਏ ਦੇ ਬਾਦ ਮੇਰੇ ਨਾਲ ਇਕ ਪ੍ਰੈਸ ਕਾਂਫ੍ਰੰਸ ਸੀ ਜਿਸ ਵਿੱਚ ਇੰਟਰਨੈਸ਼ਨਲ ਤੇ ਨੈਸ਼ਨਲ ਮੀਡੀਆ ਸ਼ਾਮਲ ਸੀ, ਇੰਟਰ ਨੈਸ਼ਲ ਮੀਡੀਆ ਵਿੱਚ ਇਟਲੀ, ਮੇਸੀਡੋਨੀਆ, ਆਸਟ੍ਰੀਆ, ਬ੍ਰਾਜ਼ੀਲ ਅਤੇ ਬੈਲਜੀਐਮ ਦੇ ਟੀਵੀ ਤੇ ਅਖ਼ਬਾਰਾਂ ਦੇ ਨੁਮਾਇੰਦੇ ਸਨ । ਨੈਸ਼ਨਲ ਲੈਵਲ'ਤੇ ਜਰਮਨੀ ਦੇ ਚਾਰ ਟੀਵੀ ਚੈਨਲ ਅਤੇ ਤਿੰਨ ਪ੍ਰਿੰਟ ਮੀਡੀਆ ਦੇ ਨੁਮਾਇੰਦੇ ਮੋਜੂਦ ਸਨ । ਲੋਕਲ ਲੈਵਲ'ਤੇ ਐਨ ਟੀਵੀ ਅਤੇ ਇਕ ਰੇਡੀਓ ਅਤੇ ਚਾਰ ਪ੍ਰਿੰਟ ਮੀਡੀਆ ਦੇ ਨੁਮਾਇੰਦੇ ਸਨ ।

ਸਾਮੂਹਿਕ ਰੂਪ ਵਿੱਚ ਜਰਮਨੀ ਦੇ ਜਲਸਾ ਸਾਲਾਨਾ ਦੇ ਤਿੰਨੇ ਦਿਨਾਂ ਦੀ ਕਵਰੈਜ ਹੋਈ । ਰਿਪੋਰਟ ਅਨੁਸਾਰ ਪੰਜ ਟੀਵੀ ਚੈਨਲ ਅਤੇ 61 ਅਖ਼ਬਾਰਾਂ ਅਤੇ ਹੋਰਨਾ ਪ੍ਰਿੰਟ ਮੀਡੀਆ ਰਾਹੀਂ ਪੰਜ ਕਰੋੜ 92 ਲੱਖ ਤੋਂ ਉਪੱਰ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਇਸ ਤੋਂ ਬਿਨਾਂ ਇੰਟਰ ਨੈਸ਼ਨਲ ਮੀਡੀਆ ਵਿੱਚ ਅਗਲੇ ਸਪਤਾਹ ਤੱਕ ਜੋ ਕਵਰੈਜ ਸੰਭਾਵਤ ਹੈ ਅਤੇ ਉਸ ਦੀ ਨੁਮਾਇੰਦਿਆਂ ਨੇ ਚਰਚਾ ਕੀਤੀ ਹੈ ਅਤੇ ਉਹਨਾ ਦੇ ਜੋ ਦੇਖਣ ਵਾਲੇ (Viewership) ਹਨ, ਉਸ ਅਨੁਸਾਰ ਚਾਰ ਕਰੋੜ ਤੇਰ੍ਹਾਂ ਲੱਖ ਤੋਂ ਵੱਧ ਲੋਕਾਂ ਤੱਕ ਸੰਦੇਸ਼ ਪਹੁੰਚੇਗਾ । ਇਸੇ ਪ੍ਰਕਾਰ ਅਲ ਇਸਲਾਮ ਵੈਬਸਾਈਟ (alislam) ਉਪੱਰ ਜਲਸੇ ਦੀ ਕਾਰਵਾਈ ਐਮ.ਟੀ.ਏ. ਜਰਮਨ ਸੁਟੂਡੀਓ ਦੇ ਸਹਿਯੋਗ ਨਾਲ ਅਪਲੋਡ ਕੀਤੀਆਂ ਜਾਂਦੀਆਂ ਰਹੀਆਂ ਹਨ । ਸੈਂਟਰ ਪ੍ਰੈਸ ਅਤੇ ਮੀਡੀਆ ਆਫ਼ਿਸ ਵੱਲੋਂ ਜਾਰੀ ਕੀਤੀਆਂ ਪ੍ਰੈਸ ਰਿਲੀਜ਼ ਵੀ ਅਪਲੋਡ ਕੀਤੀ ਗਈ । ਸੋਸ਼ਲ ਮੀਡੀਆ ਉਪੱਰ ਵੀ ਜਲਸੇ ਦੀ ਕਵਰੈਜ ਦੇ ਹਵਾਲੇ ਨਾਲ ਕਾਰਵਾਈ ਕੀਤੀ ਗਈ ਜਿਸ ਵਿੱਚ ਫ਼ੇਸਬੁਕ'ਤੇ 32 ਪੋਸਟਸ ਪ੍ਰਕਾਸ਼ਤ ਹੋਈਆਂ ਜੋ ਚਾਰ ਲੱਖ 20 ਹਜ਼ਾਰ ਲੋਕਾਂ ਨੇ ਦੇਖੀਆਂ ਅਤੇ 36 ਹਜ਼ਾਰ ਲੋਕਾਂ ਨੇ ਪਸੰਦ ਕੀਤੀ ਅਤੇ ਇਸ ਉਪੱਰ ਤਬਸਰੇ ਆਦਿ ਵੀ ਕੀਤੇ । ਇਸੇ ਪ੍ਰਕਾਰ ਟਵਿੱਟਰ ਉਪੱਰ ਵੀ ਜਲਸੇ ਦੇ ਹਵਾਲੇ ਨਾਲ ਪੰਜ ਲੱਖ ਛੱਤੀ ਹਜ਼ਾਰ ਲੋਕਾਂ ਨੇ ਜਲਸੇ ਦੇ ਟਵੀਟ ਦੇਖੇ ਅਤੇ ਪੰਜ ਹਜ਼ਾਰ ਲੋਕਾਂ ਦੇ ਰੀ ਟਵੀਟ ਕੀਤਾ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਦੌਰੇ ਸਮੇਂ ਰੱਬ ਦੀ ਮਿਹਰ ਨਾਲ ਇਕ ਮਸਜਿਦ ਦੇ ਉਧਘਾਟਨ ਕਰਨ ਦੀ ਵੀ ਤੌਫ਼ੀਕ ਮਿਲੀ । ਇਸ ਦਾ ਵੀ ਬਹੁਤ ਚੰਗਾ ਪ੍ਰਭਾਵ ਮਹਿਮਾਨਾ'ਤੇ ਹੋਇਆ ਅਤੇ ਉਹਨਾਂ ਨੇ ਖੁੱਲਕੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਇਹ ਇਸਲਾਮ ਤਾਂ ਜਰਮਨੀ ਵਿੱਚ ਫੈਲਣਾ ਚਾਹੀਦਾ ਹੈ । ਇਸ ਫ਼ੰਗਸ਼ਨ ਦੀ ਵੀ ਬਹੁਤ ਚੰਗੀ ਕਵਰੈਜ ਹੋਈ । ਦੋ ਟੀਵੀ ਚੈਨਲ ਅਤੇ ਦੋ ਅਖ਼ਬਾਰਾਂ ਨੇ ਨੁਮਾਇੰਦੇ ਆਏ ਹੋਏ ਸਨ ਜਿੰਨ੍ਹਾ ਰਾਹੀਂ ਸਾਢੇ ਸੋਲ੍ਹਾਂ ਲੱਖ ਲੋਕਾਂ ਤੱਕ ਇਸਲਾਮ ਦਾ ਸੰਦੇਸ਼ ਪਹੁੰਚਿਆ । ਰੱਬ ਜਰਮਨੀ ਜਮਾਤ ਨੂੰ ਤੌਫ਼ੀਕ ਦੇਵੇ ਕਿ ਉਹ ਭਵਿੱਖ ਵਿੱਚ ਇਸ ਤੋਂ ਵਧੱਕੇ ਇਸਲਾਮ ਦਾ ਸੰਦੇਸ਼ ਪਹੁੰਚਾਉਣ ਵਾਲੇ ਹੋਣ ਅਤੇ ਜੋ ਪਰੀਚੇ ਹੁਣ ਹੋਇਆ ਹੈ ਇਸ ਵਿੱਚ ਹੋਰ ਵਾਧਾ ਕਰਨ

**Khulasa Khutba Jumma 01.09.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131